# ਵਿਦੇਸ਼ ਸਕੱਤਰ ਦਾ ਯੂਨਾਈਟਿਡ ਕਿੰਗਡਮ ਦਾ ਅਧਿਕਾਰਤ ਦੌਰਾ (ਮਈ 16-17, 2024)

ਮਈ 17, 2024

ਵਿਦੇਸ਼ ਸਕੱਤਰ ਸ਼੍ਰੀ ਵਿਨੈ ਕਵਾਤਰਾ ਨੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ (FCDO) ਦੇ ਸਥਾਈ ਅੰਡਰ-ਸਕੱਤਰ ਸਰ ਫਿਲਿਪ ਬਾਰਟਨ ਦੇ ਨਾਲ, ਵਿਦੇਸ਼ ਦਫ਼ਤਰ ਸਲਾਹ ਮਸ਼ਵਰੇ ਦੇ 16ਵੇਂ ਦੌਰ ਦੇ ਵਾਸਤੇ, 16-17 ਮਈ, 2024 ਤੱਕ ਯੂਨਾਈਟਿਡ ਕਿੰਗਡਮ ਦਾ ਅਧਿਕਾਰਤ ਦੌਰਾ ਕੀਤਾ। ਇਸ ਦੌਰੇ ਦੇ ਦੌਰਾਨ, ਉਨ੍ਹਾਂ ਨੇ ਵਿਦੇਸ਼ ਰਾਜ ਮੰਤਰੀ ਲਾਰਡ ਤਾਰਿਕ ਅਹਿਮਦ, ਰੱਖਿਆ ਖਰੀਦ ਲਈ ਰਾਜ ਮੰਤਰੀ ਜੇਮਜ਼ ਕਾਰਟਲਿਜ, ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਸਰ ਟਿਮ ਬੈਰੋ, ਯੂਕੇ ਦੇ ਗ੍ਰਹਿ ਦਫਤਰ ਦੇ ਸਥਾਈ ਸਕੱਤਰ ਮੈਥਿਊ ਰਾਇਕ੍ਰਾਫਟ, ਯੂਕੇ ਦੇ ਮੁੱਖ ਵਪਾਰ ਨੈਗੋਸ਼ੀਏਟਰ ਕ੍ਰਾਫੋਰਡ ਫਾਲਕੋਨਰ ਅਤੇ ਯੂਕੇ ਦੇ ਪ੍ਰਧਾਨ ਮੰਤਰੀ ਦੇ ਸੀਨੀਅਰ ਵਿਦੇਸ਼ ਨੀਤੀ ਸਲਾਹਕਾਰ ਪ੍ਰੋਫੈਸਰ ਜੌਹਨ ਬਿਊ ਨਾਲ ਵੀ ਬੈਠਕਾਂ ਕੀਤੀਆਂ।

2. ਦੋਵੇਂ ਪੱਖਾਂ ਨੇ ਦੁਵੱਲੇ ਸਬੰਧਾਂ ਦੇ ਸਮੁੱਚੇ ਪਹਿਲੂਆਂ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਚਰਚਾ ਕੀਤੀ। ਵਿਦੇਸ਼ ਸਕੱਤਰ ਅਤੇ ਸਥਾਈ ਅੰਡਰ ਸਕੱਤਰ ਨੇ ਰੋਡਮੈਪ 2030 ਦੀ ਵਿਸਤ੍ਰਿਤ ਨਜ਼ਰਸਾਨੀ ਕੀਤੀ। ਸਾਰੇ ਥੰਮ੍ਹਾਂ ਵਿੱਚ ਚੰਗੀ ਪ੍ਰਗਤੀ ਦਾ ਸੁਆਗਤ ਕਰਦੇ ਹੋਏ, ਉਨ੍ਹਾਂ ਨੇ ਤਾਂਘ ਦੇ ਪੱਧਰ ਨੂੰ ਉੱਚਾ ਕਰਨ ਵਿੱਚ ਆਪਣੀ ਦਿਲਚਸਪੀ ਨੂੰ ਰੇਖਾਂਕਿਤ ਕੀਤਾ ਅਤੇ ਵਪਾਰ ਅਤੇ ਆਰਥਿਕ, ਰੱਖਿਆ ਅਤੇ ਸੁਰੱਖਿਆ, ਵਿਗਿਆਨ ਅਤੇ ਟੈਕਨੋਲੋਜੀ, ਲੋਕਾਂ ਦੇ ਆਪਸੀ ਸਬੰਧਾਂ ਅਤੇ ਗਤੀਸ਼ੀਲਤਾ, ਊਰਜਾ ਅਤੇ ਜਲਵਾਯੂ ਪਰਿਵਰਤਨ ਦੇ ਨਾਲ-ਨਾਲ ਸਿਹਤ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਮਤੀ ਬਣਾਈ।

3. ਭਾਰਤ ਅਤੇ ਯੂਨਾਈਟਿਡ ਕਿੰਗਡਮ ਇੱਕ ਵਿਆਪਕ ਰਣਨੀਤਕ ਸਾਂਝੇਦਾਰੀ ਸਾਂਝੀ ਕਰਦੇ ਹਨ ਜਿਸ ਨੂੰ ਨਿਯਮਤ ਤੌਰ ਨਾਲ ਉੱਚ ਪੱਧਰੀ ਰਾਜਨੀਤਿਕ ਅਦਾਨ-ਪ੍ਰਦਾਨ ਦੁਆਰਾ ਅਤੇ ਦੁਵੱਲੇ ਸੰਸਥਾਗਤ ਤੰਤਰ ਦੀਆਂ ਬੈਠਕਾਂ ਰਾਹੀਂ, ਸਾਰੇ ਖੇਤਰਾਂ ਦੇ ਵਿੱਚ ਮਜਬੂਤੀ ਪ੍ਰਦਾਨ ਕੀਤੀ ਗਈ ਹੈ।

4. ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦਾ ਅਗਲਾ ਦੌਰ 2025 ਵਿੱਚ, ਨਵੀਂ ਦਿੱਲੀ ਵਿੱਚ, ਆਯੋਜਿਤ ਕਰਨ ਦੇ ਵਾਸਤੇ ਸਹਿਮਤੀ ਬਣੀ।

**ਨਵੀਂ ਦਿੱਲੀ**
**ਮਈ 17, 2024**